# :: ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ::

ਨੰਬਰ....1990....ਪੀਆਰਟੀਸੀ/ ਇੰਫੋ: ਮਿਤੀ.......12/6/24

ਵੱਲ,

ਜਨਰਲ ਮੈਨੇਜਰ ਕੰਪਿਊਟਰ,
ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ,
ਮੁੱਖ ਦਫਤਰ ਪਟਿਆਲਾ

ਵਿਸ਼ਾ:- **ਇੰਫੋਰਸਮੈਂਟ ਸ਼ਾਖਾ ਅਧੀਨ ਨਵੀਆਂ ਪੰਜ ਕਾਰਾਂ/ਟੈਕਸੀਆਂ ਪਾਉਣ ਲਈ ਈ-ਟੈਂਡਰ ਅਤੇ ਨਿਰਧਾਰਤ ਸ਼ਰਤਾਂ ਨੂੰ ਅਪਲੋਡ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇੰਫੋਰਸਮੈਂਟ ਸ਼ਾਖਾ ਅਧੀਨ ਮਾਰਕਿਟ ਵਿੱਚੋਂ ਨਵੀਆਂ ਪੰਜ ਕਾਰਾਂ/ਟੈਕਸੀਆਂ ਪਾਉਣ ਲਈ ਈ-ਟੈਂਡਰ ਨੂੰ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਸ ਲਈ ਇਹਨਾਂ ਕਾਰਾਂ/ਟੈਕਸੀਆਂ ਲਈ ਈ-ਟੈਂਡਰ ਅਤੇ ਨਿਰਧਾਰਤ ਸ਼ਰਤਾਂ(ਕਾਪੀ ਨੱਥੀ) ਨੂੰ ਪੀ.ਆਰ.ਟੀ.ਸੀ. ਦੀ ਵੈਬ-ਸਾਈਟ ਤੇ ਅਪਲੋਡ ਕਰਨ ਉਪਰੰਤ ਇੰਫੋਰਸਮੈਂਟ ਸ਼ਾਖਾ ਨੂੰ ਜਾਣੂ ਕਰਵਾਉਣ ਦੀ ਖੇਚਲ ਕੀਤੀ ਜਾਵੇ ।

ਜਨਰਲ ਮੈਨੇਜਰ(ਇੰਫੋਰਸਮੈਂਟ),
ਪੀ.ਆਰ.ਟੀ.ਸੀ. ਪਟਿਆਲਾ।

Scanned with CamScanner

# PEPSU ROAD TRANSPORT CORPORATION PATIALA

No.:- PRTC/......01...

Date.07-06-2024

**Hiring of Cars/ Taxi (5 Seater) through e-Tender**

E-Tender are invited from reputed Parties/ Agencies/ Firms for providing Cars/ Taxi (5 Seater) with drivers on monthly hire basis for checking of buses by the Enforcement Staff of PRTC. The interested Parties/ Agencies/ Firms who are willing to apply for providing Cars/ Taxi (5 Seater), terms & conditions for submitting their bids on **https://eproc.punjab.gov.in**.

For detail terms and conditions of e-tender notice inviting bids refer to website **https://eproc.punjab.gov.in** w.e.f. 12.06.2024 at 11:00 am to 26.06.2024 upto 5:00 pm. The Technical Bids will be opened on 27.06.2024 at 12:00 am and the Financial Bids of successful bidder will be opened on 28.06.2024 at 12:00 am.

| Sr. No. | Name of Work | No. of Vehicles | Tender Form Fee including 18% GST | EMD in ₹ |
|---|---|---|---|---|
| 1 | Hiring of Cars/ Taxi (5 Seater) for checking of buses by Enforcement staff | 5 Cars/ Taxi Model 2024 (5 seater) | ₹ 590.00 | 25000.00 (Per car) |

All detailed terms & conditions can also be seen on PRTC website **www.pepsurtc.com** and in the Office of General Manager, Enforcement PRTC Head Office Patiala on any working day. The undersigned reserves the right to reject any or all the tenders without assigning any reason.

If any corrigendum/ addendum issued by this office regarding these tenders can be seen on PRTC website **www.pepsurtc.com**

Managing Director
PRTC Patiala

Scanned with CamScanner

# ਇੰਫੋਰਸਮੈਂਟ ਵਿੰਗ ਲਈ ਕਿਰਾਏ ਤੇ ਕਾਰਾਂ/ਟੈਕਸੀਆਂ ਲੈਣ ਸਬੰਧੀ ਸ਼ਰਤਾਂ

1. ਕਾਰ/ਟੈਕਸੀ 2024-25 ਮਾਡਲ BS-VI ਦੀਆਂ ਨਵੀਆਂ ਅਤੇ ਪੰਜਾਬ ਰਾਜ ਵਿੱਚ ਰਜਿਸਟਰ ਹੋਣੀ ਚਾਹੀਦੀ ਹੈ । ਗੱਡੀ ਘੱਟ ਤੋ ਘੱਟ (1+4) ਸੀਟਾ ਦੀ ਡੀਜਲ/ਪੈਟਰੋਲ/ਸੀ.ਐਨ.ਜੀ/ਇਲੈਕਟ੍ਰਿਕਲ ਵਾਲੀ ਹੋਣੀ ਚਾਹੀਦੀ ਹੈ। ਗੱਡੀ ਦਾ ਪੂਰਾ ਬੀਮਾ (Comprehensive Insurance Cover) ਹੋਣਾ ਚਾਹੀਦਾ ਹੈ । ਕਾਰ/ਟੈਕਸੀ ਦੇ ਨਵੇ ਸੀਟ ਕਵਰ, ਮੈਟ ਅਤੇ Audio System ਲੱਗਾ ਹੋਣਾ ਚਾਹੀਦਾ ਹੈ ।
2. ਟੈਕਸੀ ਦਾ ਪਰਮਿਟ ਹੋਣਾ ਜਰੂਰੀ ਹੋਵੇਗਾ । ਗੱਡੀ ਨਾਲ ਸਬੰਧਤ ਸਾਰੇ ਟੈਕਸਾਂ ਦੀ ਅਦਾਇਗੀ ਮਾਲਕ ਵੱਲੋ ਕੀਤੀ ਜਾਵੇਗੀ ਅਤੇ ਅੰਤਰਰਾਜੀ ਚੈਕਿੰਗ ਦੌਰਾਨ ਹਰੇਕ ਸੂਬੇ ਵਿੱਚ ਬਣਦੇ ਟੈਕਸ ਦੀ ਅਦਾਇਗੀ ਵੀ ਕਾਰ ਮਾਲਕ ਵੱਲੋ ਕੀਤੀ ਜਾਵੇਗੀ । ਜੇਕਰ ਕਿਸੇ ਵੀ ਸਮੇ ਟੈਕਸ ਦੀ ਅਦਾਇਗੀ ਨਾ ਹੋਣ ਕਾਰਨ ਕੋਈ ਵੀ ਜੁਰਮਾਨਾ ਆਦਿ ਪਾਇਆ ਜਾਦਾ ਹੈ ਤਾ ਉਸ ਦੀ ਸਾਰੀ ਜਿੰਮੇਵਾਰੀ ਕਾਰ ਮਾਲਕ ਦੀ ਹੋਵੇਗੀ ।
3. ਸਫਲ ਟੈਂਡਰਕਾਰ/ਬੇਨਤੀਕਾਰ ਘੋਸ਼ਿਤ ਹੋਣ ਤੇ 15 ਦਿਨਾ ਦੇ ਅੰਦਰ-ਅੰਦਰ ਪੀ.ਆਰ.ਟੀ.ਸੀ ਨਾਲ ਇੱਕ ਐਗਰੀਮੈਂਟ ਸਹੀਬੱਧ ਕਰਨਾ ਹੋਵੇਗਾ ਜਿਸ ਨਾਲ 25000/- ਰੁਪਏ (ਪੱਚੀ ਹਜਾਰ ਰੁਪਏ) ਬਤੌਰ ਸਿਕਓਟਰੀ ਰਕਮ ਜਮਾ ਕਰਵਾਉਣੀ ਹੋਵੇਗੀ । ਇਕਰਾਰਨਾਮਾ ਹੋਣ ਉਪਰੰਤ ਕਾਰ/ਟੈਕਸੀ ਮਾਲਕ 30 ਦਿਨਾਂ ਦੇ ਅੰਦਰ-ਅੰਦਰ ਕਾਰ (ਸਮੇਤ ਦਸਤਾਵੇਜ) ਪੇਸ਼ ਕਰਨ ਦਾ ਪਾਬੰਦ ਹੋਵੇਗਾ । ਜੇਕਰ ਉਸ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਸਫਲ ਟੈਂਡਰਕਾਰ ਵੱਲੋਂ ਐਮ.ਡੀ. ਪੀ.ਆਰ.ਟੀ.ਸੀ. ਨੂੰ ਕਾਰ ਮੁਹੱਈਆ ਨਾ ਕਰਵਾਉਣ ਸਬੰਧੀ ਸਮੁੱਚੀ ਸਥੀਤੀ ਨੂੰ ਬਿਆਨ ਕਰਦੇ ਹੋਏ ਅਤੇ ਢੁਕਵਾਂ ਕਾਰਨ ਦਸਦੇ ਹੋਏ ਅਗਲੇ 07 ਦਿਨਾਂ ਦੇ ਵਿੱਚ ਪ੍ਰਤੀ ਬੇਨਤੀ ਸੌਂਪੀ ਜਾ ਸਕਦੀ ਹੈ ਅਤੇ ਜੇਕਰ ਇਸ ਸਮੇਂ ਦੌਰਾਨ ਐਮ.ਡੀ. ਪੀ.ਆਰ.ਟੀ.ਸੀ. ਸਹਿਮਤ ਹੁੰਦੇ ਹਨ ਸਫਲ ਟੈਂਡਰਕਾਰ ਨੂੰ ਕਾਰ ਮੁਹੱਈਆ ਕਰਾਉਣ ਲਈ 20 ਦਿਨਾਂ ਦਾ ਹੋਰ ਸਮਾਂ ਵੀ ਦਿੱਤਾ ਜਾ ਸਕਦਾ ਹੈ । ਜੇਕਰ ਸਫਲ ਟੈਂਡਰਕਾਰ ਵੱਲੋਂ ਇਸ ਵਧੇ ਹੋਏ ਸਮੇਂ ਅੰਦਰ ਵੀ ਕਾਰ/ਟੈਕਸੀ ਪੇਸ਼ ਨਹੀਂ ਕੀਤੀ ਜਾਂਦੀ ਤਾਂ ਸਫਲ ਟੈਂਡਰਕਾਰ ਨਾਲ ਦਸਤਖਤ ਕੀਤਾ ਗਿਆ ਇਕਰਾਰਨਾਮਾ ਰੱਦ ਕਰਦੇ ਹੋਏ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਸਕਿਉਰਟੀ ਜਬਤ ਕੀਤੀ ਜਾਵੇਗੀ । ਸਫਲ ਟੈਂਡਰਕਾਰ ਨਾਲ ਕੀਤਾ ਜਾਣ ਵਾਲਾ ਇਕਰਾਰਨਾਮਾ ਸ਼ੁਰੂ ਵਿੱਚ 2 ਸਾਲ ਲਈ ਕੀਤਾ ਜਾਵੇਗਾ ਅਤੇ ਇਹ ਸਮਾਂ ਪੂਰਾ ਹੋਣ ਉਪਰੰਤ ਦੋਵੇ ਧਿਰਾ ਦੀ ਸਹਿਮਤੀ ਟੈਕਸੀ ਦੇ ਵਧੀਆ ਰੱਖ-ਰਖਾਵ ਅਤੇ ਡਰਾਇਵਰ ਦੇ ਵਤੀਰੇ ਦੇ ਮੱਦੇ-ਨਜਰ ਹੋਰ ਇੱਕ ਸਾਲ ਲਈ ਵਧਾਇਆ ਜਾ ਸਕਦਾ ਹੈ। ਇਸ ਵਾਧੇ ਦੇ ਸਮੇਂ ਦੌਰਾਨ ਮੁੱਢਲਾ ਇਕਰਾਰਨਾਮਾ ਕਰਦੇ ਸਮੇਂ ਜੋ ਰੇਟ ਨਿਰਧਾਰਤ ਕੀਤਾ ਗਿਆ ਸੀ ਉਹੀ ਰੇਟ ਇਕਰਾਰਨਾਮੇ ਦੀ ਵਧੀ ਹੋਈ ਮਿਆਦ ਦੇ ਸਮੇਂ ਦੌਰਾਨ ਵੀ ਲਾਗੂ ਰਹੇਗਾ। ਇਸ ਵਾਧੇ ਦੇ ਸਮੇਂ ਦੌਰਾਨ ਟੈਂਡਰਕਾਰ ਵਲੋਂ ਕਿਸੇ ਵੀ.ਕਿਸਮ ਦੇ ਰੇਟ ਜਾਂ ਹੋਰ ਸਮੇਂ ਦੇ ਵਾਧੇ ਦੀ ਮੰਗ ਨਹੀਂ ਕੀਤੀ ਜਾਵੇਗੀ ।.
4. ਹਰੇਕ ਕਾਰ/ਟੈਕਸੀ ਨੂੰ ਚੈਕਿੰਗ ਲਈ ਪੀ.ਆਰ.ਟੀ.ਸੀ ਦੀ ਲੋੜ ਮੁਤਾਬਿਕ ਮਹੀਨੇ ਵਿੱਚ ਘੱਟ ਤੋਂ ਘੱਟ 6000 ਕਿ.ਮੀ. ਅਤੇ ਵੱਧ ਤੋ ਵੱਧ 8000 ਕਿ.ਮੀ. ਕਰਵਾਏ ਜਾ ਸਕਦੇ ਹਨ। ਕਾਰ ਮਾਲਕ ਮਹੀਨੇ ਦੌਰਾਨ ਕਾਰ ਵੱਲੋ ਤੈਅ ਕੀਤੇ ਗਏ ਕਿਲੋਮੀਟਰ ਅਨੁਸਾਰ ਬਿੱਲ, ਟੋਲ ਟੈਕਸ, ਐਂਟਰੀ ਫੀਸ ਦੀਆ ਪਰਚੀਆ ਪੇਸ਼ ਕਰੇਗਾ । ਜਿਸ ਦੀ ਅਦਾਇਗੀ ਨਿਰਧਾਰਿਤ ਰੇਟ ਅਨੁਸਾਰ ਮਹੀਨੇ ਬਾਅਦ ਕੀਤੀ ਜਾਵੇਗੀ । ਭਾਰਤ ਸਰਕਾਰ ਜਾਂ ਸੂਬਾ ਸਰਕਾਰ ਵੱਲੋ ਨਿਰਧਾਰਿਤ ਕਟੋਤੀਆ (TDS ਆਦਿ) ਕੱਟਣ ਉਪਰੰਤ ਹੀ ਅਦਾਇਗੀ ਕੀਤੀ ਜਾਵੇਗੀ । ਮੈਦਾਨੀ ਅਤੇ ਪਹਾੜੀ ਇਲਾਕੇ ਲਈ ਬਰਾਬਰ ਰੇਟ ਦਿਤਾ ਜਾਵੇਗਾ ।
5. ਕਿਸੇ ਵੀ ਕਿਸਮ ਦੇ ਅਣਦੇਖੇ, ਅਚਨਚੇਤ ਹਾਲਾਤ ਜਿਵੇ ਕਿ ਕੁਦਰਤੀ ਆਫਤ, ਕਰਫਿਊ, ਬੰਦ, ਹੜਤਾਲ, ਮਾਹਾਮਾਰੀ ਦੀ ਸਥਿਤੀ (Pandemic Situation), ਤਾਲਾਬੰਦੀ (Lock Down) ਆਦਿ ਦੀ ਸਥਿਤੀ ਵਿੱਚ ਕਾਰ/ਟੈਕਸੀ ਮਾਲਕ ਕਿਸੇ ਤਰਾ ਦੀ ਅਦਾਇਗੀ ਲਈ ਹੱਕਦਾਰ ਨਹੀ ਹੋਵੇਗਾ ਅਤੇ ਅਜਿਹੀ ਸਥਿਤੀ ਵਿੱਚ ਸ਼ਰਤ ਨੰ.4 ਅਨੁਸਾਰ ਨਿਰਧਾਰਿਤ ਕਿਲੋਮੀਟਰ ਦਾ ਹੱਕਦਾਰ ਨਹੀ ਹੋਵੇਗਾ ।
6. ਚੈਕਿੰਗ ਲਈ ਕਾਰ ਕਿਸੇ ਵੀ ਸਮੇਂ ਕਿਸੇ ਵੀ ਰੂਟੇਸ਼ਨ/ਰੂਟ ਤੇ ਭੇਜੀ ਜਾ ਸਕਦੀ ਹੈ। ਟੈਂਡਰਕਾਰ/ਕਾਰ ਮਾਲਕ ਇਹ ਯਕੀਨੀ ਬਣਾਏਗਾ ਕਿ ਉਸ ਵੱਲੋ ਮੁੱਹਇਆ ਕਰਵਾਏ ਗਏ ਡਰਾਇਵਰ ਕੋਲ Valid/ਪ੍ਰਵਾਨਿਤ ਡਰਾਇਵਿੰਗ ਲਾਇਸੰਸ ਹੋਣਾ ਲਾਜ਼ਮੀ ਹੈ। ਜੇਕਰ ਕਾਰ ਮਾਲਕ ਖੁਦ ਕਾਰ ਚਲਾਉਂਦਾ ਹੈ ਤਾਂ ਉਸ ਕੋਲ ਵੀ Valid/ ਪ੍ਰਵਾਨਿਤ ਲਾਇਸੰਸ ਹੋਣਾ ਲਾਜ਼ਮੀ ਹੈ। ਕਾਰ ਡਰਾਇਵਰ ਦੀ ਤਨਖਾਹ, ਕਾਰ ਦੀ ਮੁਰੰਮਤ, ਤੇਲ ਆਦਿ ਦਾ ਖਰਚਾ ਵੀ ਕਾਰ/ ਟੈਕਸੀ ਮਾਲਕ ਨੂੰ ਹੀ ਸਹਿਣਾ ਪਵੇਗਾ। ਕਾਰ ਚਲਾਉਣ ਸਮੇਂ ਕਾਰ ਮਾਲਕ/ ਡਰਾਇਵਰ ਦੇ ਪੀ.ਆਰ.ਟੀ.ਸੀ. ਵੱਲੋਂ ਪ੍ਰਵਾਨਿਤ ਵਰਦੀ ਪਾਈ ਹੋਣੀ ਚਾਹੀਦੀ ਹੈ ਅਤੇ ਕਾਰ ਨੂੰ ਚਲਾਉਣ ਵਾਲੇ ਡਰਾਇਵਰ ਪੂਰਨ ਰੂਪ ਵਿੱਚ ਕਾਰ ਮਾਲਕ ਦਾ ਮੁਲਾਜ਼ਮ ਹੋਵੇਗਾ ਅਤੇ ਪੀ.ਆਰ.ਟੀ.ਸੀ. ਵੱਲੋਂ ਉਸ ਨੂੰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾਵੇਗੀ। ਮਾਲਕ ਵੱਲੋਂ ਇਕਰਾਰਨਾਮੇ ਦੌਰਾਨ ਕਾਰ/ ਟੈਕਸੀ ਦੀ ਵਰਤੋਂ ਕਿਸੇ ਹੋਰ ਸੰਸਥਾਂ ਵਿੱਚ ਜਾਂ ਨਿੱਜੀ ਤੌਰ 'ਤੇ ਨਹੀਂ ਕੀਤੀ ਜਾਵੇਗੀ। ਕਾਰ ਮਾਲਕ/ ਡਰਾਇਵਰ ਵੱਲੋਂ ਮੈਡੀਕਲ ਫਿਟਨੇਸ ਸਬੰਧੀ ਮੈਡੀਕਲ ਸਰਟੀਫਿਕੇਟ ਦੇਣਾ ਲਾਜ਼ਮੀ ਹੋਵੇਗਾ।
7. ਕਾਰ/ਟੈਕਸੀ ਦੇ ਐਮਰਜੈਂਸੀ ਟੁੱਟਣ ਜਾਂ ਡਰਾਇਵਰ ਦੀ ਗੈਰ-ਮੌਜੂਦਗੀ ਦੀ ਸਥਿਤੀ ਵਿੱਚ ਕਾਰ ਮਾਲਕ ਵੱਲੋ 6 ਘੰਟਿਆ ਦੇ ਅੰਦਰ ਮੌਜੂਦਾ ਸਾਲ ਦੇ ਮਾਡਲ ਅਤੇ ਡਰਾਇਵਰ ਦੀ ਇੱਕ ਸਬ-ਟੀਟਿਊਟ ਵਾਹਨ ਪ੍ਰਦਾਨ ਕਰਕੇ ਵਿਕਲਪਕ ਪ੍ਰਬੰਧ ਕਰੇਗਾ ।

Scanned with CamScanner

ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ ਪਹਿਲੀ ਧਿਰ ਨੂੰ ਮਾਰਕਿਟ ਤੋ ਇੱਕ ਹੋਰ ਕਾਰ ਕਿਰਾਏ ਤੇ ਲੈਣ ਦਾ ਅਧਿਕਾਰ ਹੋਵੇਗਾ ਅਤੇ ਇਸ ਨੂੰ ਇਕਰਾਰਨਾਮੇ ਵਿੱਚ ਦੱਸੇ ਗਏ ਕਿਰਾਏ ਤੇ ਖਰਚਿਆ ਤੋ ਐਡਜਸਟ ਕੀਤਾ ਜਾਵੇਗਾ ।

8. ਟੈਂਡਰਕਾਰ ਹਰ ਮੰਤਵ ਲਈ ਗੱਡੀ ਅਤੇ ਡਰਾਇਵਰ ਦਾ ਮਾਲਕ ਮੰਨਿਆ ਜਾਵੇਗਾ ਅਤੇ ਉਸ ਦੀਆ ਹਰੇਕ ਕਿਸਮ ਦੀਆ ਦੇਣਦਾਰੀਆ ਵੀ ਉਹ ਹੀ ਸਹਿਣ ਕਰੇਗਾ ।

9. ਟੋਲ ਟੈਕਸ ਜਾ ਐਂਟਰੀ ਫੀਸ ਪੀ.ਆਰ.ਟੀ.ਸੀ ਵੱਲੋ ਅਦਾ ਕੀਤੀ ਜਾਵੇਗੀ । ਜਿਸ ਸਬੰਧੀ ਕਾਰ/ਟੈਕਸੀ ਮਾਲਕ ਹਰ ਇੱਕ ਟਰਿਪ ਦੀਆ ਰਸੀਦਾ ਆਪਣੇ ਬਿਲ ਨਾਲ ਪੇਸ਼ ਕਰੇਗਾ। ਸਫਲ-ਟੈਂਡਰਕਾਰ ਵੱਲੋ ਕਾਰ ਮੁੱਹਇਆ ਕਰਵਾਉਣ ਸਮੇ ਕਾਰ ਤੇ ਫਾਸਟੈਗ ਲੱਗਿਆ ਹੋਣਾ ਚਾਹੀਦਾ ਹੈ । ਜਿਸ ਦੇ ਬਿੱਲ ਵੀ ਕਾਰ ਮਾਲਕ ਵੱਲੋਂ ਟੈਕਸੀ ਦੇ ਬਿੱਲਾ ਨਾਲ ਹੀ ਪੇਸ਼ ਕਰੇਗਾ । ਇੰਚਾਰਜ (CFS) ਇਹ ਸੁਨਿਸਚਿਤ ਕਰੇਗਾ ਕਿ ਕਾਰ/ਟੈਕਸੀ ਦੇ ਫਾਸਟ ਟੈਗ ਜਾਂ ਫਾਸਟ ਟੈਗ ਵਿੱਚ ਪੈਸੇ ਨਾ ਹੋਣ ਤੇ ਕਿਸੇ ਵੀ ਟੋਲ ਟੈਕਸ ਤੇ ਡਬਲ ਪਰਚੀ ਜਾਰੀ ਕੀਤੀ ਜਾਂਦੀ ਹੈ ਤਾਂ ਉਹ ਪਰਚੀ ਮੰਨਣਯੋਗ ਨਹੀਂ ਹੋਵੇਗੀ ।

10. ਗੱਡੀ ਪੀ.ਆਰ.ਟੀ.ਸੀ ਨੂੰ ਰੋਜਾਨਾ ਮੁੱਹਈਆ ਕਰਵਾਉਣੀ ਹੋਵੇਗੀ । ਗੱਡੀ ਦੀ ਮੁੰਰਮਤ ਸਰਵਿਸ ਲਈ ਮਹੀਨੇ ਵਿੱਚ ਦੋ ਦਿਨ ਦਿਤੇ ਜਾਣਗੇ ਅਤੇ ਇਸ ਸਬੰਧੀ ਮਾਲਕ ਇੱਕ ਦਿਨ ਪਹਿਲਾ ਜਾ ਅਪਾਤਕਾਲੀ ਸਥਿਤੀ ਵਿੱਚ ਤੁਰੰਤ ਸੁਚਿਤ ਕਰੇਗਾ । ਗੱਡੀ ਦੀ ਮੇਜਰ ਰਿਪੇਅਰ ਜਾ ਦੁਰਘਟਨਾ ਦੀ ਸਥਿਤੀ ਵਿੱਚ ਪ੍ਰਵਾਨਗੀ ਜਰਨਲ ਮੈਨੇਜਰ (ਇੰਫੋਰਸਮੈਂਟ) ਤੋਂ ਲੈਣੀ ਹੋਵੇਗੀ ।

11. ਬਿਨਾ ਕਾਰਨ ਦੱਸੇ ਗੱਡੀ ਮੁੱਹਈਆ ਨਾ ਕਰਵਾਉਣ ਤੇ ਕਾਰ ਮਾਲਕ ਨੂੰ 2500/- ਰੁਪਏ ਪ੍ਰਤੀ ਦਿਨ ਪ੍ਰਤੀ ਕਾਰ ਜੁਰਮਾਨਾ ਕੀਤਾ ਜਾਵੇਗਾ ਜੋ ਕਿ ਵੱਧ ਤੋਂ ਵੱਧ 7 ਦਿਨਾਂ ਲਈ ਲਗਾਇਆ ਜਾਵੇਗਾ , ਉਸ ਉਪਰੰਤ ਪੀ.ਆਰ.ਟੀ.ਸੀ ਨਾਲ ਉਸ ਵੱਲੋ ਕੀਤਾ ਇਕਰਾਰਨਾਮਾ ਰੱਦ ਕਰਦੇ ਹੋਏ ਸਕਿਉਰਟੀ ਜਬਤ ਕੀਤੀ ਜਾਵੇਗੀ ।

12. ਗੱਡੀ ਦਾ ਡਰਾਇਵਰ ਚੈਕਿੰਗ ਪ੍ਰੋਗਰਾਮ ਦੀ ਕਿਸੇ ਕਿਸਮ ਦੀ ਲੀਕੇਜ ਨਹੀ ਕਰੇਗਾ ਅਤੇ ਨਾ ਹੀ ਚੈਕਿੰਗ ਦੋਰਾਨ ਸਵਾਰੀ ਨਾਲ ਜਾ ਕਿਸੇ ਹੋਰ ਕਿਸਮ ਦੀ ਦਖਲ ਅੰਦਾਜੀ ਕਰੇਗਾ। ਜੇਕਰ ਚੈਕਿੰਗ ਅਧਿਕਾਰੀਆ ਵੱਲੋ ਡਰਾਇਵਰ ਦੀ ਕਿਸੇ ਕਿਸਮ ਦੀ ਸ਼ਕਾਇਤ ਕੀਤੀ ਜਾਦੀ ਹੈ ਤਾ ਪੀ.ਆਰ.ਟੀ.ਸੀ ਵੱਲੋ ਇਸ ਸਬੰਧੀ ਪੜਤਾਲ ਕਰਵਾਉਣ ਉਪਰੰਤ ਗੱਡੀ ਦਾ ਐਗਰੀਮੈਂਟ ਰੱਦ ਕਰਦੇ ਹੋਏ ਭਰੀ ਗਈ ਸਕਿਉਰਟੀ ਜਬਤ ਕੀਤੀ ਜਾਵੇਗੀ।

13. ਜੇਕਰ ਗੱਡੀ ਦਾ ਮਾਲਕ ਜਾਂ ਡਰਾਇਵਰ ਕਿਸੇ ਵੀ ਸਮੇਂ ਗੱਡੀ ਵਿੱਚ ਕੋਈ ਵੀ ਨਸ਼ੀਲਾ ਪਦਾਰਥ/ਇਤਰਾਜ ਯੋਗ ਵਸਤੂ ਲਿਜਾਦਾ ਪਾਇਆ ਜਾਂਦਾ ਹੈ ਤਾਂ ਇਸ ਦੀ ਹਰ ਤਰਾਂ ਦੀ ਜਿਮੇਵਾਰੀ ਮਾਲਕ ਦੀ ਹੋਵੇਗੀ, ਅਜਿਹੀ ਸੂਰਤ ਵਿੱਚ ਉਸਦਾ ਇਕਰਾਰਨਾਮਾ ਬਿਨਾ ਕਿਸੇ ਨੋਟਿਸ ਦਿੱਤੇ ਰੱਦ ਕੀਤਾ ਜਾਵੇਗਾ ਅਤੇ ਸਿਕਉਰਟੀ ਵੀ ਜਬਤ ਕਰ ਦਿੱਤੀ ਜਾਵੇਗੀ । ਕਾਰ ਮਾਲਕ ਵੱਲੋਂ ਕਾਰ ਲਈ ਕੋਈ ਅਜਿਹਾ ਡਰਾਇਵਰ ਨਹੀ ਰੱਖਿਆ ਜਾਵੇਗਾ, ਜੋ ਕਿਸੇ ਵੀ ਸਮੇਂ ਪੀ.ਆਰ.ਟੀ.ਸੀ ਵਿੱਚੋ ਨੌਕਰੀ ਤੋ ਬਰਖਾਸਤ ਕੀਤਾ ਹੋਵੇ, ਉਸ ਖਿਲਾਫ ਕੋਈ ਕੇਸ ਚਲਦਾ ਹੋਵੇ ਅਤੇ ਉਸਦੀ ਉਮਰ 55 ਸਾਲ ਤੋ ਘੱਟ ਹੋਣੀ ਚਾਹੀਦੀ ਹੈ । ਅਜਿਹੀ ਸਥਿਤੀ ਵਿੱਚ ਪਹਿਲੀ ਸਿਕਾਇਤ ਤੇ 1000 ਰੁਪਏ ਦੂਜੀ ਤੇ 2000 ਰੁਪਏ ਤੇ ਤੀਸਰੀ ਤੇ 5000 ਰੁਪਏ, ਇਸ ਉਪੰਰਤ ਐਗਰੀਮੈਂਟ ਰੱਦ ਕਰ ਦਿੱਤਾ ਜਾਵੇਗਾ ।

14. ਕਾਰ/ਟੈਕਸੀ ਡਰਾਇਵਰ ਵੱਲੋ ਮਿਲੇ ਚੈਕਿੰਗ ਪ੍ਰੋਗਰਾਂਮ ਅਨੁਸਾਰ ਲਾਗ ਬੁੱਕ ਭਰੀ ਜਾਵੇਗੀ ਜਿਸਨੂੰ ਕਾਰ/ਟੈਕਸੀ ਨਾਲ ਡਿਊਟੀ ਕਰ ਰਹੇ ਚੈਕਿੰਗ ਅਧਿਕਾਰੀਆ ਤੋ ਤਸਦੀਕ ਕਰਵਾਉਣਾ ਜਰੂਰੀ ਹੋਵੇਗਾ ।

15. ਜੇਕਰ ਕਾਰ ਮਾਲਕ ਜਾਂ ਪੀ.ਆਰ.ਟੀ.ਸੀ ਵੱਲੋ ਕੀਤੇ ਗਏ ਇਕਰਾਰਨਾਮੇ ਅਨੁਸਾਰ ਸਮਾ ਪੂਰਾ ਹੋਣ ਤੋ ਪਹਿਲਾ ਐਗਰੀਮੈਂਟ ਰੱਦ ਕਰਵਾਉਣਾ ਚਾਹੁੰਦਾ ਹੈ ਤਾ ਉਸਨੂੰ ਇੱਕ ਮਹੀਨੇ ਦਾ ਅਗੇਤਰੀ ਨੋਟਿਸ ਦੇਣਾ ਪਵੇਗਾ। ਜੇਕਰ ਕਾਰ ਮਾਲਕ ਵਲੋਂ ਪੀ.ਆਰ.ਟੀ.ਸੀ. ਨੂੰ ਬਿਨਾ ਕੋਈ ਨੋਟਿਸ ਦਿੱਤੇ ਜਾਂ ਪੂਰਨ ਪ੍ਰਵਾਨਗੀ ਲਏ ਆਪਣੀ ਮਰਜੀ ਨਾਲ ਕਾਰ/ਟੈਕਸੀ ਨੂੰ ਰੋਕਿਆ ਜਾਂਦਾ ਹੈ ਤਾਂ ਕਾਰ ਮਾਲਕ ਨੂੰ ਇੱਕ ਹਫਤੇ ਦਾ ਨੋਟਿਸ ਜਾਰੀ ਕੀਤਾ ਜਾਵੇਗਾ ਅਤੇ ਕਾਰ ਮਾਲਕ ਵਲੋਂ ਜੇਕਰ ਇੱਕ ਹਫਤੇ ਦੇ ਅੰਦਰ ਨੋਟਿਸ ਦਾ ਜਵਾਬ ਪੇਸ਼ ਨਹੀਂ ਕੀਤਾ ਜਾਂਦਾ ਤਾਂ ਕਾਰ ਮਾਲਕ ਨਾਲ ਦਸਤਖਤ ਕੀਤਾ ਗਿਆ ਇਕਰਾਰਨਾਮਾ ਰੱਦ ਕਰਦੇ ਹੋਏ ਉਸ ਵੱਲੋਂ ਭਰੀ ਸਿਕਿਓਰਟੀ ਜ਼ਬਤ ਕੀਤੀ ਜਾਵੇਗੀ ਅਤੇ ਭਵਿਖ ਲਈ ਬਲੈਕ ਲਿਸਟ ਕੀਤਾ ਜਾਵੇਗਾ ।

16. ਜੇਕਰ ਕਾਰ/ਟੈਕਸੀ ਦਾ ਕੋਈ ਐਕਸੀਡੈਂਟ ਹੁੰਦਾ ਹੈ ਤਾਂ ਉਸਦੀ ਕਲੇਮ ਸਬੰਧੀ ਸਾਰੀ ਜਿੰਮੇਵਾਰੀ ਅਤੇ ਕੋਰਟ ਵਿੱਚ ਪੈਰਵੀ ਕਰਨ ਦੀ ਜਿੰਮੇਵਾਰੀ ਕਾਰ ਮਾਲਕ ਦੀ ਹੋਵੇਗੀ । ਜੇਕਰ ਕਿਸੇ ਤਰਾ ਦਾ ਕਲੇਮ/ਮੁਆਵਜਾ ਕਿਸੇ ਵੀ ਧਿਰ ਨੂੰ ਅਦਾ ਕਰਨ ਦੇ ਹੁਕਮ ਹੁੰਦੇ ਹਨ ਤਾ ਇਸ ਨੂੰ ਭਰਨ ਦੀ ਜਿੰਮੇਵਾਰੀ ਵੀ ਕਾਰ/ਟੈਕਸੀ ਮਾਲਕ ਦੀ ਆਪਣੀ ਹੋਵੇਗੀ ।

17. ਜੇਕਰ ਦੋਵੇ ਧਿਰਾ ਦੀ ਇਕਰਾਰਨਾਮੇ ਦੀ ਕਿਸੇ ਵੀ ਮੱਦ ਸਬੰਧੀ ਅਸਹਿਮਤੀ, ਝਗੜਾ (Dispute) ਪੈਦਾ ਹੁੰਦਾ ਹੈ ਜਾਂ ਕਿਸੇ ਵੀ ਕਾਰਨ ਝਗੜਾ ਹੁੰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਐਮ.ਡੀ. ਪੀ.ਆਰ.ਟੀ.ਸੀ Arbitrator (ਸਾਲਸ) ਵਜੋ ਕੰਮ ਕਰਨਗੇ । ਸਾਲਸ ਵੱਲੋ ਕੀਤਾ ਗਿਆ ਕੋਈ ਵੀ ਫੈਸਲਾ ਦੋਵੇ ਧਿਰਾ ਨੂੰ ਮੰਨਣਯੋਗ ਹੋਵੇਗਾ।

18. ਜੇਕਰ ਕੋਈ ਵੀ ਧਿਰ ਸਾਲਸ ਦੇ ਫੈਸਲੇ ਜਾਂ ਕਿਸੇ ਵੀ ਮੁੱਦੇ ਤੇ ਅਦਾਲਤ ਜਾਣਾ ਚਾਹੁੰਦੀ ਹੈ ਤਾ ਅਜਿਹੀ ਸਥਿਤੀ ਵਿੱਚ ਕੋਰਟ ਕੇਸ ਦਾਇਰ ਕਰਨ ਸਬੰਧੀ ਅਧਿਕਾਰ ਖੇਤਰ ਕੇਵਲ ਪਟਿਆਲਾ ਦੀ ਅਦਾਲਤਾ ਵਿਖੇ ਹੀ ਹੋਵੇਗਾ ।

Scanned with CamScanner